# ਬਾਲ ਸੰਭਾਲ ਦੀ ਚੋਣ

ਤੁਸੀਂ ਆਪਣੇ ਬੱਚੇ ਲਈ ਮਿਆਰੀ ਬਾਲ ਸੰਭਾਲ ਦੀ ਚੋਣ ਕਰਨਾ ਪਸੰਦ ਕਰੋਗੇ। ਆਪਣੀ ਪਸੰਦ ਦੀ ਬਾਲ ਸੰਭਾਲ ਦਾ ਪਤਾ ਲਗਾਉਣਾ ਤੁਹਾਡੇ ਲਈ ਇੱਕ ਚੁਣੌਤੀ ਬਣ ਸਕਦਾ ਹੈ। ਇਹ ਚੋਣ ਕਰਨ ਵਿੱਚ ਹੇਠ ਦਿੱਤੇ ਕੁੱਝ ਸੁਝਾਓ ਤੁਹਾਡੀ ਮੱਦਦ ਕਰ ਸਕਦੇ ਹਨ।

## ਇੱਕ ਮਿਆਰੀ ਬਾਲ ਸੰਭਾਲ ਪ੍ਰੋਗਰਾਮ ਵਿੱਚ:

- ਸਾਫ ਅਤੇ ਸੁਰੱਖਿਅਤ ਥਾਂ ਹੁੰਦੀ ਹੈ
- ਸੰਭਾਲ ਕਰਨ ਵਾਲੇ ਨਿੱਘੇ ਅਤੇ ਦੋਸਤਾਂ ਦੀ ਤਰਾਂ ਵਰਤਾਓ ਕਰਦੇ ਹਨ
- ਅੰਦਰ ਅਤੇ ਬਾਹਰ ਖੇਡਣ ਦੀ ਸਹੂਲਤ ਹੁੰਦੀ ਹੈ
- ਸਿਹਤਮੰਦ ਖਾਣੇ ਦਾ ਪ੍ਰਬੰਧ ਹੁੰਦਾ ਹੈ
- ਖੇਡਣ ਅਤੇ ਸਿੱਖਣ ਲਈ ਕਾਫੀ ਕੁੱਝ ਕਰਾਇਆ ਜਾਂਦਾ ਹੈ
- ਹਰ ਰੋਜ਼ ਦਾ ਕੰਮ -ਕਾਜ ਤੈਅ ਕੀਤਾ ਹੁੰਦਾ ਹੈ

ਬਾਲ ਸੰਭਾਲ ਤੁਹਾਡੇ ਘਰੇ, ਕਿਸੇ ਹੋਰ ਦੇ ਘਰ ਜਾਂ ਕਿਸੇ ਸੈਂਟਰ ਵਿੱਚ ਦਿੱਤੀ ਜਾ ਸਕਦੀ ਹੈ। ਮਿਆਰੀ ਬਾਲ ਸੰਭਾਲ ਤੁਹਾਡੇ ਬੱਚੇ ਅਤੇ ਪਰਿਵਾਰ ਦੀਆਂ ਲੋੜਾਂ ਤੇ ਪੂਰੀ ਉਤਰਦੀ ਹੈ। ਸਮਾਂ ਕੱਢ ਕੇ ਵੱਖ ਵੱਖ ਬਾਲ ਸੰਭਾਲ ਪ੍ਰੋਗਰਾਮਾਂ ਨੂੰ ਦੇਖਣ ਜਾਓ ਅਤੇ ਸੰਭਾਲ ਕਰਨ ਵਾਲਿਆਂ ਨੂੰ ਮਿਲੋ। ਇਸ ਨਾਲ ਤੁਹਾਨੂੰ ਇਹ ਪਤਾ ਚੱਲੇਗਾ ਕਿ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਕੀ ਸਭ ਤੋਂ ਵਧੀਆ ਹੈ।

### ਬਾਲ ਸੰਭਾਲ ਦੀ ਤਲਾਸ਼ ਕਰਨ ਤੋਂ ਪਹਿਲਾਂ ਇਹਨਾਂ ਗੱਲਾਂ ਬਾਰੇ ਸੋਚੋ:

- ਤੁਹਾਨੂੰ ਕਿੰਨੇ ਦਿਨ ਅਤੇ ਹਰ ਰੋਜ਼ ਕਿੰਨੇ ਘੰਟੇ ਬਾਲ ਸੰਭਾਲ ਦੀ ਲੋੜ ਹੈ
- ਤੁਹਾਡੇ ਬੱਚੇ ਦੀ ਉਮਰ ਕਿੰਨੀ ਹੈ ਅਤੇ ਕੀ ਉਹ ਪਹਿਲਾਂ ਬਾਲ ਸੰਭਾਲ ਵਿੱਚ ਰਹਿ ਚੁੱਕਿਆ ਹੈ
- ਤੁਸੀਂ ਬਾਲ ਸੰਭਾਲ ਤੇ ਕਿੰਨਾ ਖਰਚ ਕਰ ਸਕਦੇ ਹੋ
- ਕੀ ਤੁਸੀਂ ਬਾਲ ਸੰਭਾਲ ਆਪਣੇ ਘਰ ਵਿੱਚ ਚਾਹੁੰਦੇ ਹੋ ਜਾਂ ਫਿਰ ਇਹ ਘਰ, ਕੰਮ ਜਾਂ ਸਕੂਲ ਦੇ ਨੇੜੇ ਹੋਵੇ

## ਇਹਨਾਂ ਗੱਲਾਂ ਬਾਰੇ ਜਾਣਕਾਰੀ ਹਾਸਲ ਕਰੋ:

ਬਾਲ ਸੰਭਾਲ ਬਾਰੇ ਵੱਧ ਤੋਂ ਵੱਧ ਜਾਣਕਾਰੀ ਲਵੋ। ਇਸ ਮਕਸਦ ਲਈ ਤੁਸੀਂ:

- ਆਪਣੇ ਸਿਹਤ ਵਿਭਾਗ ਨੂੰ ਫੋਨ ਕਰ ਸਕਦੇ ਹੋ
- ਬਾਲ ਸੰਭਾਲ ਰਿਸੋਰਸ ਐਂਡ ਰੈਫਰਲ ਪ੍ਰੋਗਰਾਮ ਨੂੰ ਫੋਨ ਕਰ ਸਕਦੇ ਹੋ (CCRR)
- ਅਖਬਾਰ ਵਿੱਚ ਪੜ੍ਹ ਸਕਦੇ ਹੋ
- ਕਮਿਉਨਿਟੀ ਸੈਂਟਰ, ਨੇਬਰਹੁੱਡ ਹਾਊਸ ਜਾਂ ਫੈਮਿਲੀ ਪਲੇਸ ਦੇ ਬੁਲਟਿਨ ਬੋਰਡ ਨੂੰ ਵੇਖ ਸਕਦੇ ਹੋ
- ਆਪਣੇ ਨੇੜੇ ਦੇ ਸਕੂਲ ਤੋਂ ਪੁੱਛ-ਗਿੱਛ ਕਰੋ
- ਗੁਆਂਢੀਆਂ, ਦੋਸਤਾਂ, ਰਿਸ਼ਤੇਦਾਰਾਂ ਅਤੇ ਕੰਮ ਦੇ ਸਾਥੀਆਂ ਨਾਲ ਗੱਲ ਕਰੋ

## ਬਾਲ ਸੰਭਾਲ ਕਰਨ ਵਾਲਿਆਂ ਨਾਲ ਸੰਪਰਕ ਕਰੋ:

ਤੁਸੀਂ ਉਹਨਾਂ ਤੋਂ ਹੇਠ ਲਿਖੀਆਂ ਗੱਲਾਂ ਪੁੱਛ ਸਕਦੇ ਹੋ:

- ਕੀ ਉੱਥੇ ਤੁਹਾਡੇ ਬੱਚੇ ਲਈ ਥਾਂ ਖਾਲੀ ਹੈ?


Produced by Westcoast Child Care Resource Centre, www.wstcoast.org

This project is made possible through funding from the Government of Canada and the Province of British Columbia.

- ਕੀ ਇਹ ਪ੍ਰੋਗਰਾਮ ਮਨਜ਼ੂਰਸ਼ੁਦਾ ਹੈ?
- ਕੀ ਸੰਭਾਲ ਕਰਤਾ ਰਜਿਸਟਰਡ ਹੈ?
- ਸੰਭਾਲ ਕਰਤਾ ਕੋਲ ਬਾਲ ਸੰਭਾਲ ਦੀ ਕਿੰਨੀ ਸਿਖਲਾਈ ਅਤੇ ਕਿੰਨਾ ਤਜ਼ਰਬਾ ਹੈ?
- ਇਸਦਾ ਖਰਚ ਕਿੰਨਾ ਹੈ?

ਤੁਸੀਂ ਇਹ ਅਤੇ ਅਜੇਹੇ ਹੋਰ ਸਵਾਲ ਫੋਨ ਤੇ ਪੁੱਛ ਸਕਦੇ ਹੋ! ਕਈ ਵਾਰ ਹੋ ਸਕਦਾ ਹੈ ਕਿ ਸੰਭਾਲ ਕਰਤਾ ਬੱਚਿਆਂ ਨਾਲ ਰੁੱਝੇ ਹੋਏ ਹੋਣ ਅਤੇ ਉਹ ਤੁਹਾਨੂੰ ਦੁਬਾਰਾ ਫੋਨ ਕਰਨ ਲਈ ਕਹਿਣ।

ਜੇਕਰ ਤੁਸੀਂ ਚਾਹੋ ਤਾਂ ਨਿੱਜੀ ਤੌਰ ਤੇ ਉਹਨਾਂ ਕੋਲ ਜਾਕੇ ਵੀ ਸਵਾਲ ਪੁੱਛੋ। ਪ੍ਰੋਗਰਾਮ ਬਾਰੇ ਪੂਰੀ ਤਸੱਲੀ ਕਰਨ ਲਈ ਤੁਹਾਨੂੰ ਕਈ ਵਾਰ ਉੱਥੇ ਜਾਣਾ ਪੈ ਸਕਦਾ ਹੈ।

**ਜਦੋਂ ਤੁਸੀਂ ਉੱਥੇ ਜਾਵੋ ਤਾਂ:**

ਵੇਖੋ

- ਕਿ ਕੀ ਇਹ ਥਾਂ ਸੁਰੱਖਿਅਤ ਅਤੇ ਸਾਫ ਹੈ?
- ਕੀ ਉੱਥੇ ਕਾਫੀ ਸਾਰੇ ਖਿਡਾਉਣੇ ਆਦਿ ਹਨ?
- ਕੀ ਤੁਹਾਨੂੰ ਪਸੰਦ ਹੈ ਕਿ ਤੁਹਾਡਾ ਬੱਚਾ ਉੱਥੇ ਰਹੇ?

ਸੰਭਾਲ ਕਰਤਾ ਨੂੰ ਬੱਚਿਆਂ ਦੀ ਦੇਖ ਭਾਲ ਕਰਦੇ ਵੇਖੋ

- ਕੀ ਉਹ ਇੱਕ ਦੂਜੇ ਦੇ ਨੇੜੇ ਰਹਿਣਾ ਪਸੰਦ ਕਰਦੇ ਹਨ?
- ਕੀ ਉਸਦਾ ਬੱਚਿਆਂ ਨਾਲ ਗੱਲਬਾਤ ਕਰਨ ਦਾ ਤਰੀਕਾ ਤੁਹਾਨੂੰ ਪਸੰਦ ਹੈ?
- ਕੀ ਉਸਨੇ ਸਾਰੇ ਦਿਨ ਦੇ ਕੰਮ-ਕਾਜ ਦੀ ਯੋਜਨਾ ਬਣਾਈ ਹੋਈ ਹੈ?

ਹੋਰ ਬੱਚਿਆਂ ਨੂੰ ਵੇਖੋ

- ਕੀ ਉਹ ਉੱਥੇ ਖੇਡਣਾ , ਸਿੱਖਣਾ ਅਤੇ ਦੂਜੇ ਬੱਚਿਆਂ ਨੂੰ ਪਸੰਦ ਕਰਦੇ ਹਨ?
- ਕੀ ਉਹ ਆਪਣੀ ਪਸੰਦ ਦੀ ਖੇਡ ਚੁਣ ਸਕਦੇ ਹਨ?
- ਕੀ ਉਹ ਸੰਭਾਲ ਕਰਤਾ ਕੋਲ ਆਸਾਨੀ ਨਾਲ ਜਾ ਕੇ ਮਦਦ ਮੰਗਦੇ ਹਨ।

ਪ੍ਰੋਗਰਾਮ ਬਾਰੇ ਗੱਲਬਾਤ ਕਰੋ ਅਤੇ ਹੇਠ ਲਿਖੀਆਂ ਗੱਲਾਂ ਬਾਰੇ ਵੀ ਜਾਣਕਾਰੀ ਹਾਸਿਲ ਕਰੋ:

- ਬਿਮਾਰੀ ਦੀ ਹਾਲਤ ਵਿੱਚ ਉਹਨਾਂ ਦੀ ਕੀ ਨੀਤੀ ਹੈ
- ਡਸਿਪਲਿਨ ਕਿਵੇਂ ਰੱਖਿਆ ਜਾਂਦਾ ਹੈ
- ਛੁੱਟੀਆਂ
- ਫੀਲਡ ਟਰਿੱਪ
- ਵਿਜ਼ੀਟਰ
- ਜੇਕਰ ਤੁਹਾਡੇ ਮਨ ਵਿੱਚ ਹੋਰ ਕੋਈ ਸਵਾਲ ਹੋਵੇ ਤਾਂ ਉਹ ਵੀ ਪੁੱਛੋ


Produced by Westcoast Child Care Resource Centre, www.wstcoast.org

This project is made possible through funding from the Government of Canada and the Province of British Columbia.

## ਆਪਣਾ ਫੈਸਲਾ ਕਰੋ:

ਆਖਰੀ ਫੈਸਲਾ ਕਰਨ ਤੋਂ ਪਹਿਲਾਂ ਹੋਰ ਮਾਪਿਆਂ ਨਾਲ ਗੱਲ ਕਰਨੀ ਚੰਗੀ ਰਹੇਗੀ ਜਿਹੜੇ ਸਭਾਲ ਕਰਤਾ ਹਾਂ ਬਾਲ ਸੰਭਾਲ ਪ੍ਰੋਗਰਾਮ ਤੋਂ ਜਾਣੂ ਹੋਣ। ਤੁਸੀਂ ਉਹਨਾਂ ਤੋਂ ਉਹੋ ਜਿਹੀਆਂ ਗੱਲਾਂ ਬਾਰੇ ਪੁੱਛ ਸਕਦੇ ਹੋ ਜਿਹੜੀਆਂ ਉਦੋਂ ਤੁਹਾਡੇ ਮਨ ਵਿੱਚ ਸਨ ਜਦੋਂ ਤੁਸੀਂ ਸੰਭਾਲ ਕਰਤਾ ਕੋਲ ਗਏ ਸੀ।

ਹੋ ਸਕਦਾ ਹੈ ਕਿ ਤੁਹਾਨੂੰ ਇੱਕ ਪੱਤਰ ਤੇ ਦਸਤਖਤ ਕਰਨ ਲਈ ਕਿਹਾ ਜਾਵੇ ਜਿਸ ਵਿੱਚ ਬਾਲ ਸੰਭਾਲ ਪ੍ਰੋਗਰਾਮ ਦਾ ਵੇਰਵਾ ਦਿੱਤਾ ਹੋਵੇ। ਜੇ ਇਹ ਪੱਤਰ ਨਾ ਦਿੱਤਾ ਹੋਵੇ ਤਾਂ ਇਸ ਬਾਰੇ ਪੁੱਛੋ। ਤੁਹਾਨੂੰ ਅਤੇ ਸੰਭਾਲ ਕਰਤਾ ਦੋਹਾਂ ਨੂੰ ਇਕੱਠੇ ਬੈਠ ਕੇ ਇਸਨੂੰ ਗਹੁ ਨਾਲ ਪੜ੍ਹਨਾ ਹੋਵੇਗਾ। ਫੈਸਲਾ ਕਰਨ ਤੋਂ ਬਾਅਦ ਤੁਹਾਨੂੰ ਅਤੇ ਸੰਭਾਲ ਕਰਤਾ ਨੂੰ ਇਸ ਪੱਤਰ ਤੇ ਦਸਤਖਤ ਕਰਨੇ ਪੈਣਗੇ।

## ਹੌਲੀ ਹੌਲੀ ਸ਼ੁਰੂਆਤ ਕਰਨਾ

ਚੰਗਾ ਹੋਵੇਗ ਕਿ ਸ਼ੁਰੂ ਵਿੱਚ ਬੱਚੇ ਥੋੜ੍ਹੇ ਥੋੜ੍ਹੇ ਸਮੇਂ ਲਈ ਸੰਭਾਲ ਪ੍ਰੋਗਰਾਮ ਵਿੱਚ ਜਾਣ। ਇਸ "ਹੌਲੀ ਸ਼ੁਰੂਆਤ" ਨਾਲ ਤੁਹਾਡੇ ਬੱਚੇ ਨੂੰ ਆਸਾਨੀ ਰਹੇਗੀ। ਇਸ ਬਾਰੇ ਸੰਭਾਲ ਕਰਤਾ ਨਾਲ ਵਿਚਾਰ ਵਟਾਂਦਰਾ ਕਰੋ। ਅਜੇਹੇ ਸਮੇਂ ਦੀ ਚੋਣ ਕਰੋ ਜਿਹੜਾ ਤੁਹਾਡੇ ਪਰਿਵਾਰ, ਬੱਚੇ, ਤੁਹਾਡੇ ਟਾਈਮ ਟੇਬਲ ਅਤੇ ਬਾਲ ਸੰਭਾਲ ਪ੍ਰੋਗਰਾਮ ਸਭ ਲਈ ਢੁੱਕਵਾਂ ਹੋਵੇ।

## ਸੰਭਾਲ ਕਰਤਾ ਨਾਲ ਤੁਹਾਡਾ ਸਬੰਧ

ਤੁਹਾਡੇ ਲਈ ਸੰਭਾਲ ਕਰਤਾ ਨਾਲ ਮਿਲਕੇ ਚੱਲਣਾ ਬਹੁਤ ਜ਼ਰੂਰੀ ਹੈ। ਹਰ ਰੋਜ਼ ਸਮਾਂ ਕੱਢ ਕੇ ਸੰਭਾਲ ਕਰਤਾ ਨਾਲ ਗੱਲ ਕਰੋ। ਤੁਹਾਡੇ ਬੱਚੇ ਦੀ ਦੇਖ ਭਾਲ ਕਰਨ ਲਈ ਉਸਦਾ ਸ਼ੁਕਰੀਆ ਕਰੋ। ਜੇਕਰ ਆਪਣੇ ਬੱਚੇ ਦੀ ਸੰਭਾਲ ਜਾਂ ਵਤੀਰੇ ਬਾਰੇ ਤੁਹਾਡੇ ਕੁੱਝ ਸਵਾਲ ਹੋਣ ਤਾਂ ਸੰਭਾਲ ਕਰਤਾ ਨਾਲ ਗੱਲ ਕਰੋ।

## ਵਧੇਰੇ ਜਾਣਕਾਰੀ ਲਈ:

ਬਾਲ ਸੰਭਾਲ ਬਾਰੇ ਤੁਸੀਂ ਆਪਣੀ ਕਮਿਉਨਿਟੀ ਵਿੱਚ ਲੋਕਾਂ ਨਾਲ ਗੱਲਬਾਤ ਕਰ ਸਕਦੇ ਹੋ। ਵੈਨਕੂਵਰ ਵਿੱਚ ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਵੈਸਟਕੋਸਟ ਫੈਮਿਲੀ ਇਨਫਰਮੇਸ਼ਨ ਐਂਡ ਰੈਫਰਲ (Westcoast Family Information and Referral) ਨਾਲ 604-709-5699 ਜਾਂ fir@wstcoast.org. ਤੇ ਸੰਪਰਕ ਕਰੋ। ਬੀ ਸੀ ਵਿੱਚ ਚਾਈਲਡ ਕੇਅਰ ਰਿਸੋਰਸ ਐਂਡ ਰੈਫਰਲ ਪ੍ਰੋਗਰਾਮ ਬਾਰੇ ਜਾਣਕਾਰੀ ਲਈ http://www.ccrr.bc.ca/ ਤੇ ਜਾਵੋ।

ਕਿਸੇ ਸੰਭਾਲ ਕਰਤਾ ਜਾਂ ਬਾਲ ਸੰਭਾਲ ਪ੍ਰੋਗਰਾਮ ਬਾਰੇ ਸ਼ਿਕਾਇਤ ਕਰਨ ਲਈ ਇਨਕੁਆਇਰੀ ਬੀ ਸੀ (Enquiry BC) ਨੂੰ ਟੋਲ ਫਰੀ ਨੰਬਰ 1 800 663-7867 ਤੇ ਫੋਨ ਕਰਕੇ, ਆਪਣੀ ਹੈਲਥ ਅਥਾਰਿਟੀ ਦੇ ਕਮਿਉਨਿਟੀ ਕੇਅਰ ਲਾਇਸੈਂਸਿੰਗ ਆਫਿਸ (Community Care Licensing Office) ਨਾਲ ਮਿਲਾਉਣ ਲਈ ਕਹੋ।



This project is made possible through funding from the Government of Canada and the Province of British Columbia.